# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162
ਮਾਸਟਰ ਪਰਮਵੇਦ

Epaper World Punjabi Times — 06 ਦਸੰਬਰ 2025 ਦਿਨ ਸ਼ਨੀਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪ੍ਰੀ-ਨਿਰਵਾਣ ਦਿਵਸ ਮੌਕੇ ਸੰਵਿਧਾਨ ਬਚਾਉਣ ਦਾ ਪ੍ਰਣ ਲਿਆ ਜਾਵੇਗਾ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਸ੍ਰੀ ਮੁਕਤਸਰ ਸਾਹਿਬ 6 ਦਸੰਬਰ : ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਪਿਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਡਾ. ਅੰਬੇਡਕਰ ਪ੍ਰੀ-ਨਿਰਵਾਣ ਦਿਵਸ ਮੌਕੇ ਵਿਸ਼ੇਸ਼ ਮੀਟਿੰਗ ਆਯੋਜਿਤ ਕੀਤੀ ਜਾਵੇਗੀ। ਇਹ ਮੀਟਿੰਗ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕੋਲ ਆਉਂਦੀ 06 ਦਸੰਬਰ ਸ਼ਨੀਵਾਰ ਨੂੰ ਸਵੇਰੇ 11:00 ਵਜੇ ਹੋਵੇਗੀ। ਮੀਟਿੰਗ ਦੀ ਪ੍ਰਧਾਨਗੀ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਕਰਨਗੇ। ਇਸ ਮੌਕੇ ਮਿਸ਼ਨ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਭਾਗ ਲੈਣਗੇ।

ਇਹ ਜਾਣਕਾਰੀ ਅੱਜ ਇਥੇ ਪ੍ਰਧਾਨ ਢੋਸੀਵਾਲ ਨੇ ਦਿੱਤੀ ਹੈ। ਪ੍ਰਧਾਨ ਢੋਸੀਵਾਲ ਨੇ ਅੱਗੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਪ੍ਰੀ-ਨਿਰਵਾਣ ਦਿਵਸ ਸਬੰਧੀ ਆਯੋਜਿਤ ਕੀਤੀ ਜਾਣ ਵਾਲੀ ਉਕਤ ਮੀਟਿੰਗ ਵਿੱਚ ਭਾਰਤੀ ਸੰਵਿਧਾਨ ਨੂੰ ਬਚਾਉਣ ਅਤੇ ਸਹੀ ਢੰਗ ਨਾਲ ਲਾਗੂ ਕਰਵਾਉਣ ਲਈ ਮੀਟਿੰਗ 'ਚ ਮੌਜੂਦ ਮੈਂਬਰਾਂ ਵੱਲੋਂ ਪ੍ਰਣ ਲਿਆ ਜਾਵੇਗਾ। ਪ੍ਰੀ-ਨਿਰਵਾਣ ਦਿਵਸ ਮੀਟਿੰਗ ਮੌਕੇ ਡਾ. ਅੰਬੇਡਕਰ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ।

ਜਿਕਰਯੋਗ ਹੈ ਕਿ ਭਾਰਤ ਦੇ ਸਭ ਤੋਂ ਵੱਧ ਪੜ੍ਹੇ ਲਿਖੇ ਮਹਾਨ ਵਿਦਵਾਨ, ਦੇਸ਼ ਦੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ 06 ਦਸੰਬਰ 1956 ਨੂੰ ਇਸ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਸਨ। ਡਾ. ਅੰਬੇਡਕਰ ਨੇ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਬੁੱਧ ਧਰਮ ਅਪਣਾ ਲਿਆ ਸੀ, ਇਸ ਕਰਕੇ ਉਨ੍ਹਾਂ ਦੇ ਅਕਾਲ ਚਲਾਣੇ ਵਾਲੇ ਦਿਨ ਨੂੰ ਪ੍ਰੀ-ਨਿਰਵਾਣ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪ੍ਰਧਾਨ ਢੋਸੀਵਾਲ ਨੇ ਸਮੂਹ ਮਿਸ਼ਨ ਮੈਂਬਰਾਂ ਅਤੇ ਪ੍ਰੀ-ਨਿਰਵਾਣ ਦਿਵਸ ਮੌਕੇ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀਆਂ ਨੂੰ ਸਮੇਂ-ਸਿਰ ਡਾ. ਅੰਬੇਡਕਰ ਪਾਰਕ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

## ਪ੍ਰਸ਼ਾਸਨ ਨੇ ਸਪਾਈਰੋ ਸਪਾਥਿਸ ਮਿਸਰ ਪੈਰਾ ਬੈਡਮਿੰਟਨ ਇੰਟਰਨੈਸ਼ਨਲ 2026 ਲਈ ਅੰਤਰਰਾਸ਼ਟਰੀ ਪੈਰਾ-ਬੈਡਮਿੰਟਨ ਖਿਡਾਰੀ ਸ਼ਬਾਨਾ ਨੂੰ ਕੀਤਾ ਸਪਾਂਸਰ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ,6 ਦਸੰਬਰ : ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ੇਸ਼ ਤੌਰ 'ਤੇ ਅਪਾਹਜ ਐਥਲੀਟਾਂ ਨੂੰ ਸਸ਼ਕਤ ਬਣਾਉਣ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ 13 ਤੋਂ 18 ਜਨਵਰੀ, 2026 ਤੱਕ ਹੋਣ ਵਾਲੇ ਸਪਾਈਰੋ ਸਪਾਥਿਸ ਮਿਸਰ ਪੈਰਾ ਬੈਡਮਿੰਟਨ ਇੰਟਰਨੈਸ਼ਨਲ 2026 ਵਿੱਚ ਅੰਤਰਰਾਸ਼ਟਰੀ ਪੈਰਾ-ਬੈਡਮਿੰਟਨ ਖਿਡਾਰੀ ਸ਼ਬਾਨਾ ਨੂੰ ਸਪਾਂਸਰ ਕੀਤਾ ਹੈ।

ਸਪਾਂਸਰਸ਼ਿਪ ਸੌਂਪਦੇ ਹੋਏ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਵਿਸ਼ਵ ਪੱਧਰ 'ਤੇ ਸ਼ਬਾਨਾ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਸ਼ਬਾਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ਼ਬਾਨਾ ਨੇ ਲਗਾਤਾਰ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ ਅਤੇ ਅਣਗਿਣਤ ਨੌਜਵਾਨ ਐਥਲੀਟਾਂ, ਖਾਸ ਕਰਕੇ ਪੈਰਾ ਸਪੋਰਟਸ ਭਾਈਚਾਰੇ ਦੇ ਖਿਡਾਰੀਆਂ ਲਈ ਪ੍ਰੇਰਨਾ ਦਾ ਸਰੋਤ ਬਣ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਬਾਨਾ ਦੇ ਸਮਰਪਣ, ਲਚਕੀਲੇਪਣ ਅਤੇ ਸ਼ਾਨਦਾਰ ਪ੍ਰਦਰਸ਼ਨ ਨੇ ਲੁਧਿਆਣਾ ਅਤੇ ਪੂਰੇ ਦੇਸ਼ ਨੂੰ ਬਹੁਤ ਮਾਣ ਮਹਿਸੂਸ ਕਰਵਾਇਆ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਐਥਲੀਟਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰਦੇ ਰਹਾਂਗੇ ਕਿ ਸ਼ਬਾਨਾ ਵਰਗੀ ਪ੍ਰਤਿਭਾਸ਼ਾਲੀ ਖਿਡਾਰਨ ਨੂੰ ਉਹ ਪਲੇਟਫਾਰਮ ਮਿਲੇ ਜਿਸਦੀ ਉਹ ਸੱਚਮੁੱਚ ਹੱਕਦਾਰ ਹੈ। ਉਨ੍ਹਾਂ ਇਹ ਵੀ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਮਿਸਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰੇਗੀ।ਹਿਮਾਂਸ਼ੂ ਜੈਨ ਨੇ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਅਤੇ ਖੇਡ ਵਿਭਾਗ ਨੂੰ ਸ਼ਬਾਨਾ ਦੀ ਮਦਦ ਲਈ ਹਰ ਲੋੜੀਂਦੀ ਸਹਾਇਤਾ ਦੇਣ ਦੇ ਨਿਰਦੇਸ਼ ਵੀ ਦਿੱਤੇ। ਸ਼ਬਾਨਾ ਨੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਉਨ੍ਹਾਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਵੀ ਕੀਤਾ।

## ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਪੋਲਿੰਗ ਸਟਾਫ਼ ਦੀ ਰੈਂਡਮਾਈਜ਼ੇਸ਼ਨ ਕੀਤੀ ਗਈ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 6 ਦਸੰਬਰ : ਜ਼ਿਲ੍ਹਾ ਪ੍ਰਸ਼ਾਸਨ ਨੇ ਵੀਰਵਾਰ ਨੂੰ ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਲਈ ਪੋਲਿੰਗ ਸਟਾਫ਼ ਦੀ ਰੈਂਡਮਾਈਜ਼ੇਸ਼ਨ ਦਾ ਪਹਿਲਾ ਅਤੇ ਦੂਜਾ ਦੌਰ ਕੀਤਾ। ਸਮਰਪਿਤ ਡੀ.ਆਈ.ਐਸ.ਈ ਸਾਫਟਵੇਅਰ ਦੀ ਵਰਤੋਂ ਕਰਕੇ ਦਫ਼ਤਰ ਐਨ.ਆਈ.ਸੀ ਵਿਖੇ ਰੈਂਡਮਾਈਜ਼ੇਸ਼ਨ ਕੀਤੀ ਗਈ। ਇਸ ਪ੍ਰਕਿਰਿਆ ਵਿੱਚ ਰਾਜ ਸਰਕਾਰ ਦੇ ਵਿਭਾਗਾਂ ਦੇ ਲਗਭਗ 9000 ਕਰਮਚਾਰੀ ਸ਼ਾਮਲ ਸਨ। ਇਨ੍ਹਾਂ ਕਰਮਚਾਰੀਆਂ ਨੂੰ ਪੋਲਿੰਗ ਦੌਰਾਨ ਵੱਖ-ਵੱਖ ਭੂਮਿਕਾਵਾਂ ਵਿੱਚ ਤਾਇਨਾਤ ਕੀਤਾ ਜਾਵੇਗਾ, ਜਿਸ ਵਿੱਚ ਪ੍ਰੀਜ਼ਾਈਡਿੰਗ ਅਫ਼ਸਰ (ਪੀ.ਆਰ.ਓ), ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰ (ਏ.ਪੀ.ਆਰ.ਓ) ਅਤੇ ਪੋਲਿੰਗ ਅਫ਼ਸਰ (ਪੀ.ਓ) ਸ਼ਾਮਲ ਹਨ। ਚੋਣ ਡਿਊਟੀਆਂ ਨਿਰਧਾਰਤ ਕਰਨ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਰਾਜ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਰੈਂਡਮਾਈਜ਼ੇਸ਼ਨ ਕੀਤੀ ਗਈ।

ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 14 ਦਸੰਬਰ ਨੂੰ ਹੋਣੀਆਂ ਹਨ ਅਤੇ ਇਸ ਵਿੱਚ 1638 ਪੋਲਿੰਗ ਬੂਥ ਸ਼ਾਮਲ ਹੋਣਗੇ। ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਹੋਵੇਗੀ। ਜ਼ਿਲ੍ਹਾ ਚੋਣ ਅਫ਼ਸਰ ਹਿਮਾਂਸ਼ੂ ਜੈਨ ਨੇ ਜ਼ੋਰ ਦੇ ਕੇ ਕਿਹਾ ਕਿ ਪ੍ਰਸ਼ਾਸਨ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਚੋਣਾਂ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਸੁਚਾਰੂ ਪੋਲਿੰਗ ਅਤੇ ਗਿਣਤੀ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਰੈਂਡਮਾਈਜ਼ੇਸ਼ਨ ਦੌਰਾਨ ਮੌਜੂਦ ਪ੍ਰਮੁੱਖ ਅਧਿਕਾਰੀਆਂ ਵਿੱਚ ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ, ਡੀ.ਆਈ.ਓ ਐਨ.ਆਈ.ਸੀ ਨੀਰਜ ਕੁਮਾਰ ਗਰਗ ਅਤੇ ਹੋਰ ਸ਼ਾਮਲ ਸਨ।

## ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਵੱਲੋਂ ਗੁਰੂ ਤੇਗ ਬਹਾਦਰ ਸ਼ਹਾਦਤ ਨੂੰ ਸਮਰਪਿਤ ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਕਾਵਿ ਪੁਸਤਕ "ਤਾਰਿਆਂ ਦੀ ਗੁਜ਼ਰਗਾਹ " ਸੰਗਤਾਂ ਨੂੰ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 6 ਦਸੰਬਰ : ਪੀ ਏ ਯੂ ਦੇ ਕਿਸਾਨ ਕਲੱਬ ਦੀ ਮਾਸਿਕ ਇਕੱਤਰਤਾ ਵਿੱਚ ਅੱਜ ਖੇਤੀਬਾੜੀ ਵਿਗਿਆਨੀਆਂ ਨੇ ਰਾਜ ਦੇ ਕਿਸਾਨਾਂ ਨੂੰ ਕਣਕ, ਫਲ, ਸਬਜ਼ੀਆਂ, ਫੁੱਲਾਂ ਆਦਿ ਵਰਗੀਆਂ ਹਾੜ੍ਹੀ ਦੀਆਂ ਫ਼ਸਲਾਂ ਦੀ ਦੇਖਭਾਲ ਦੇ ਤਰੀਕੇ ਕਿਸਾਨਾਂ ਨੂੰ ਦੱਸੇ। ਇਹ ਕੈਂਪ ਅਪਰ ਨਿਰਦੇਸ਼ਕ ਸੰਚਾਰ ਡਾ ਤਰਸੇਮ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ। ਮਾਹਿਰਾਂ ਨੇ ਪੀਏਯੂ ਕਿਸਾਨ ਕਲੱਬ ਦੇ ਮੈਂਬਰਾਂ ਨੂੰ ਲਗਾਤਾਰ ਫਸਲਾਂ ਦਾ ਸਰਵੇਖਣ ਕਰਦੇ ਰਹਿਣ ਦੀ ਸਲਾਹ ਦਿੱਤੀ ਅਤੇ ਲੋੜ ਮੁਜਬ ਮਾਹਿਰਾਂ ਨਾਲ ਸੰਪਰਕ ਬਣਾਉਣ ਲਈ ਕਿਹਾ।

ਕੈਂਪ ਵਿੱਚ 85 ਦੇ ਕਰੀਬ ਕਿਸਾਨ ਮੈਂਬਰਾਂ ਨੇ ਹਿੱਸਾ ਲਿਆ। ਇਸ ਦੌਰਾਨ ਫ਼ਸਲ ਵਿਗਿਆਨੀ ਡਾ. ਮਨਪ੍ਰੀਤ ਖੀਵਾ, ਭੂਮੀ ਵਿਗਿਆਨੀ ਡਾ. ਅਮਰਦੀਪ ਸਿੰਘ ਤੂਰ ਅਤੇ ਪੌਦਾ ਰੋਗ ਮਾਹਿਰ ਡਾ. ਪਰਮਿੰਦਰ ਸਿੰਘ ਟਾਕ ਨੇ ਕ੍ਰਮਵਾਰ ਹਾੜ੍ਹੀ ਦੀਆਂ ਫਸਲਾਂ ਵਿੱਚ ਨਦੀਨਾਂ ਦੇ ਪ੍ਰਬੰਧਨ, ਸੂਖਮ ਪੌਸ਼ਟਿਕ ਤੱਤਾਂ ਦੀ ਮਹੱਤਤਾ ਅਤੇ ਹਾੜ੍ਹੀ ਦੀਆਂ ਫਸਲਾਂ ਵਿੱਚ ਬਿਮਾਰੀਆਂ ਦੀ ਰੋਕਥਾਮ ਬਾਰੇ ਦੱਸਿਆ। ਸਿੱਧੂ ਡੈਂਟਲ ਕੇਅਰ ਅਤੇ ਹੋਮਿਓ ਹਸਪਤਾਲ ਦੇ ਡਾ. ਪਰਮਿੰਦਰ ਸਿੰਘ ਸਿੱਧੂ ਦੁਆਰਾ ਦੰਦਾਂ ਦੀ ਦੇਖਭਾਲ 'ਤੇ ਇੱਕ ਵਿਸ਼ੇਸ਼ ਭਾਸ਼ਣ ਦਿੱਤਾ ਗਿਆ।

ਪੀ ਏ ਯੂ ਕਿਸਾਨ ਕਲੱਬ ਦੇ ਸਕੱਤਰ ਸਤਵੀਰ ਸਿੰਘ ਨੇ ਵਿਸ਼ਾ ਮਾਹਿਰਾਂ ਅਤੇ ਕਲੱਬ ਮੈਂਬਰਾਂ ਦਾ ਸਵਾਗਤ ਕੀਤਾ। ਅੰਤ ਵਿਚ ਕਲੱਬ ਦੇ ਪ੍ਰਧਾਨ ਮਨਪ੍ਰੀਤ ਗਰੇਵਾਲ ਨੇ ਸਭ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕੈਰੋਂ ਕਿਸਾਨ ਘਰ ਦੇ ਸ੍ਰੀ ਵਰਿੰਦਰ ਸਿੰਘ ਵਲੋਂ ਕੀਤਾ ਗਿਆ ਸੀ।

## ਪਿੰਡ ਕਿਲਾ ਨੌ ਨਰੇਗਾ ਮਜ਼ਦੂਰਾਂ ਦੀ ਇੱਕ ਅਹਿਮ ਮੀਟਿੰਗ ਹੋਈ।

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ



ਫ਼ਰੀਦਕੋਟ 6 ਦਸੰਬਰ : ਇਸ ਮੀਟਿੰਗ ਦੀ ਪ੍ਰਧਾਨਗੀ ਨਰੇਗਾ ਰੋਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਦੀ ਪ੍ਰਧਾਨਗੀ ਹੇਠ ਹੋਈ । ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸੀਪੀਆਈ ਪਾਰਟੀ ਦੇ ਜਿਲ੍ਹਾ ਸਕੱਤਰ ਅਸ਼ੋਕ ਕੌਂਸ਼ਲ ਜੀ ਨੇ ਸਮੂਲੀਅਤ ਕੀਤੀ । ਇਹਨਾਂ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ ਜੀ ਨੇ ਸਾਂਝੇ ਤੌਰ ਤੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਨਰੇਗਾ ਮਜ਼ਦੂਰਾਂ ਦੇ 100 ਤੋਂ ਹੋਰ 50 ਦਿਨ ਵਧਾ ਕੇ 150 ਦਿਨਾਂ ਦਾ ਨੋਟੀਫਿਕੇਸ਼ਨ ਤੇ ਜਾਰੀ ਕੀਤਾ ਗਿਆ ਹੈ, ਪ੍ਰੰਤੂ ਵਿਭਾਗ ਵੱਲੋਂ ਨਰੇਗਾ ਮਜ਼ਦੂਰਾਂ ਨੂੰ ਕੰਮ ਅਜੇ ਵੀ ਨਹੀਂ ਮਿਲਿਆ।

ਪਿੰਡਾਂ ਵਿੱਚ ਸਰਪੰਚਾਂ ਵੱਲੋਂ ਨਰੇਗਾ ਮਜ਼ਦੂਰਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ, ਅਸੀਂ ਕੇਂਦਰ ਅਤੇ ਪੰਜਾਬ ਸਰਕਾਰ ਦਾ ਇਸ ਨੋਟੀਫਿਕੇਸ਼ਨ ਦਾ ਸਗਾਵਤ ਕਰਦੇ ਹਾਂ ਅਤੇ ਸਲਾਘਾ ਕਰਦੇ ਹਾਂ ਕਿ ਇਹ ਲੋਕਾਂ ਦੇ ਹਿੱਤ ਦਾ ਫੈਸਲਾ ਹੈ, ਪ੍ਰੰਤੂ ਨਾਲ ਹੀ ਕੇਂਦਰ ਅਤੇ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ 150 ਦਿਨ ਜੋ ਆਪ ਜੀ ਵੱਲੋਂ ਕੀਤੇ ਗਏ ਹਨ ਤਾਂ ਇਹ 150 ਦਿਨ ਨਰੇਗਾ ਮਜ਼ਦੂਰਾਂ ਨੂੰ ਰੋਜ਼ਗਾਰ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਪਿਛਲੇ ਛੇ ਸੱਤ ਮਹੀਨਿਆਂ ਤੋਂ ਨਰੇਗਾ ਮਜ਼ਦੂਰਾਂ ਦੇ ਚੁੱਲੇ ਠੰਡੇ ਪਏ ਹਨ , ਗਰੀਬ ਬਜ਼ੁਰਗਾਂ ਕੋਲ ਦਵਾਈ ਲਿਆਉਣ ਲਈ ਪੈਸੇ ਨਹੀਂ ਹਨ ।

ਅਸੀਂ ਪੰਜਾਬ ਸਰਕਾਰ ਨੂੰ ਆਪਣੀਆਂ ਵੱਖ ਵੱਖ ਜਥੇਬੰਦੀਆਂ ਵੱਲੋਂ ਬੇਨਤੀ ਕਰਦੇ ਹਾਂ ਕਿ ਇਹਨਾਂ ਨਰੇਗਾ ਮਜ਼ਦੂਰਾਂ ਵੱਲ ਖਾਸ ਤੌਰ ਤੇ ਧਿਆਨ ਦਿੱਤਾ ਜਾਵੇ । ਸਾਰੇ ਬੰਦ ਪਏ ਕੰਮ ਖਾਲਿਆਂ ਤੇ ਨਹਿਰਾਂ ਤੇ ਜਿਵੇਂ ਪਹਿਲਾਂ ਚਲਦੇ ਸਨ , ਉਵੇਂ ਹੀ ਦੁਬਾਰਾ ਫਿਰ ਤੋ ਚਲਾਏ ਜਾਣ ਅਤੇ ਨਾਲ ਹੀ ਗਰੀਬ ਮਜ਼ਦੂਰਾਂ ਦੀ ਦਿਹਾੜੀ ਵਧਾ ਕੇ 700 ਸੌ ਰੁਪਏ ਕੀਤੀ ਜਾਵੇ ਤਾਂ ਜੋ ਗਰੀਬ ਪਰਿਵਾਰਾਂ ਦਾ ਘਰ ਦਾ ਗੁਜ਼ਾਰਾ ਚੱਲ ਸਕੇ । ਵੱਧਦੀ ਹੋਈ ਮੰਗਿਆਈ ਨੂੰ ਵੇਖਦੇ ਹੋਇਆ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਵਾਧਾ ਕੀਤਾ ਜਾਵੇ । ਜਿਹੜੇ ਪਿੰਡਾਂ ਵਿੱਚ ਅਜੇ ਤੱਕ ਬੂਟਿਆਂ ਦਾ ਕੰਮ ਜਾਂ ਨਹਿਰਾਂ ਅਤੇ ਖਾਲਿਆਂ ਦੇ ਕੰਮ ਨਹੀਂ ਚਲਾਏ ਗਏ , ਉਹ ਵੀ ਤੁਰੰਤ ਚਲਾਏ ਜਾਣ । ਠੇਕੇਦਾਰਾਂ ਨੂੰ ਕੰਮ ਦੇਣ ਦੀ ਬਜਾਏ ਪਹਿਲਾਂ ਵਾਂਗ ਵਿਭਾਗ ਵੱਲੋਂ ਖੁਦ ਆਪਣੇ ਪੱਧਰ ਤੇ ਹੀ ਕੰਮ ਕਰਵਾਏ ਜਾਣ , ਇਹੀ ਸਾਡੀ ਮੰਗ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਕੋਲੋਂ ਕਰਦੇ ਹਾਂ । ਹੋਰਨਾ ਤੋਂ ਇਲਾਵਾ ਕਾਮਰੇਡ ਬਲਕਾਰ ਸਿੰਘ ਸਹੋਤਾ, ਪੱਤਰਕਾਰ ਸ਼ਿਵਨਾਥ ਦਰਦੀ, ਮੇਟ ਸੁਖਦੀਪ ਕੌਰ, ਮੇਟ ਗੌਰਵ ਸਿੰਘ, ਪੂਰਨ ਸਿੰਘ ਆਦਿ ਹਾਜ਼ਰ ਸਨ ।

## ਪੀ ਏ ਯੂ ਦੇ ਕਿਸਾਨ ਕਲੱਬ ਦੀ ਮਾਸਿਕ ਮਿਲਣੀ ਵਿੱਚ ਸਰਦੀਆਂ ਦੌਰਾਨ ਫਸਲਾਂ ਦੀ ਦੇਖਭਾਲ ਦੇ ਤਰੀਕੇ ਕਿਸਾਨਾਂ ਨੂੰ ਦੱਸੇ

ਵਰਲਡ ਪੰਜਾਬੀ ਟਾਈਮਜ਼




ਲੁਧਿਆ ਣਾ 6 ਦਸੰਬਰ : ਪੀ ਏ ਯੂ ਦੇ ਕਿਸਾਨ ਕਲੱਬ ਦੀ ਮਾਸਿਕ ਇਕੱਤਰਤਾ ਵਿੱਚ ਅੱਜ ਖੇਤੀਬਾੜੀ ਵਿਗਿਆਨੀਆਂ ਨੇ ਰਾਜ ਦੇ ਕਿਸਾਨਾਂ ਨੂੰ ਕਣਕ, ਫਲ, ਸਬਜ਼ੀਆਂ, ਫੁੱਲਾਂ ਆਦਿ ਵਰਗੀਆਂ ਹਾੜ੍ਹੀ ਦੀਆਂ ਫ਼ਸਲਾਂ ਦੀ ਦੇਖਭਾਲ ਦੇ ਤਰੀਕੇ ਕਿਸਾਨਾਂ ਨੂੰ ਦੱਸੇ। ਇਹ ਕੈਂਪ ਅਪਰ ਨਿਰਦੇਸ਼ਕ ਸੰਚਾਰ ਡਾ ਤਰਸੇਮ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ। ਮਾਹਿਰਾਂ ਨੇ ਪੀਏਯੂ ਕਿਸਾਨ ਕਲੱਬ ਦੇ ਮੈਂਬਰਾਂ ਨੂੰ ਲਗਾਤਾਰ ਫਸਲਾਂ ਦਾ ਸਰਵੇਖਣ ਕਰਦੇ ਰਹਿਣ ਦੀ ਸਲਾਹ ਦਿੱਤੀ ਅਤੇ ਲੋੜ ਮੁਜਬ ਮਾਹਿਰਾਂ ਨਾਲ ਸੰਪਰਕ ਬਣਾਉਣ ਲਈ ਕਿਹਾ।


ਕੈਂਪ ਵਿੱਚ 85 ਦੇ ਕਰੀਬ ਕਿਸਾਨ ਮੈਂਬਰਾਂ ਨੇ ਹਿੱਸਾ ਲਿਆ। ਇਸ ਦੌਰਾਨ ਫ਼ਸਲ ਵਿਗਿਆਨੀ ਡਾ. ਮਨਪ੍ਰੀਤ ਖੀਵਾ, ਭੂਮੀ ਵਿਗਿਆਨੀ ਡਾ. ਅਮਰਦੀਪ ਸਿੰਘ ਤੂਰ ਅਤੇ ਪੌਦਾ ਰੋਗ ਮਾਹਿਰ ਡਾ. ਪਰਮਿੰਦਰ ਸਿੰਘ ਟਾਕ ਨੇ ਕ੍ਰਮਵਾਰ ਹਾੜ੍ਹੀ ਦੀਆਂ ਫਸਲਾਂ ਵਿੱਚ ਨਦੀਨਾਂ ਦੇ ਪ੍ਰਬੰਧਨ, ਸੂਖਮ ਪੌਸ਼ਟਿਕ ਤੱਤਾਂ ਦੀ ਮਹੱਤਤਾ ਅਤੇ ਹਾੜ੍ਹੀ ਦੀਆਂ ਫਸਲਾਂ ਵਿੱਚ ਬਿਮਾਰੀਆਂ ਦੀ ਰੋਕਥਾਮ ਬਾਰੇ ਦੱਸਿਆ। ਸਿੱਧੂ ਡੈਂਟਲ ਕੇਅਰ ਅਤੇ ਹੋਮਿਓ ਹਸਪਤਾਲ ਦੇ ਡਾ. ਪਰਮਿੰਦਰ ਸਿੰਘ ਸਿੱਧੂ ਦੁਆਰਾ ਦੰਦਾਂ ਦੀ ਦੇਖਭਾਲ 'ਤੇ ਇੱਕ ਵਿਸ਼ੇਸ਼ ਭਾਸ਼ਣ ਦਿੱਤਾ ਗਿਆ।

ਪੀ ਏ ਯੂ ਕਿਸਾਨ ਕਲੱਬ ਦੇ ਸਕੱਤਰ ਸਤਵੀਰ ਸਿੰਘ ਨੇ ਵਿਸ਼ਾ ਮਾਹਿਰਾਂ ਅਤੇ ਕਲੱਬ ਮੈਂਬਰਾਂ ਦਾ ਸਵਾਗਤ ਕੀਤਾ। ਅੰਤ ਵਿਚ ਕਲੱਬ ਦੇ ਪ੍ਰਧਾਨ ਮਨਪ੍ਰੀਤ ਗਰੇਵਾਲ ਨੇ ਸਭ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕੈਰੋਂ ਕਿਸਾਨ ਘਰ ਦੇ ਸ੍ਰੀ ਵਰਿੰਦਰ ਸਿੰਘ ਵਲੋਂ ਕੀਤਾ ਗਿਆ ਸੀ।


## ਪੀ.ਏ.ਯੂ. ਵਿਚ ਖੇਤੀ ਕਾਰੋਬਾਰ ਦੀਆਂ ਚੁਣੌਤੀਆਂ ਬਾਰੇ ਅੰਤਰਰਾਸ਼ਟਰੀ ਗੋਸ਼ਟੀ ਆਯੋਜਿਤ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 6 ਦਸੰਬਰ : ਬੀਤੇ ਦਿਨੀਂ ਪੀ.ਏ.ਯੂ. ਦੇ ਡਾ. ਮਨਮੋਹਨ ਸਿੰਘ ਆਡੀਟੋਰੀਅਮ ਵਿਚ ਆਸਟਰੇਲੀਆ ਇੰਡੀਆ ਸਾਈਬਰ ਸਕਿਉਰਟੀ ਅਤੇ ਆਰਟੀਫੀਸ਼ਲ ਇੰਟੈਲੀਜੈਂਸ ਇਨੋਵੇਸ਼ਨ ਦੇ ਸਹਿਯੋਗ ਨਾਲ ਖੇਤੀ ਕਾਰੋਬਾਰ ਚੁਣੌਤੀਆਂ ਅਤੇ ਡਿਜ਼ੀਟਲ ਬਦਲਾਅ ਬਾਰੇ ਇਕ ਅੰਤਰਰਾਸ਼ਟਰੀ ਗੋਸ਼ਟੀ ਆਯੋਜਿਤ ਕੀਤੀ ਗਈ| ਇਸਦੇ ਡਿਜ਼ੀਟਲ ਭਾਗੀਦਾਰ ਆਪਣੀ ਖੇਤੀ ਅਤੇ ਏ ਏ ਡੀ ਵੀ ਆਈ ਸਨ| ਇਸ ਗੋਸ਼ਟੀ ਦੇ ਬਹਾਨੇ ਖੇਤੀ ਖੇਤਰ ਦੇ ਆਗੂਆਂ, ਵਿਦਵਾਨਾਂ, ਕਾਰੋਬਾਰੀਆਂ ਅਤੇ ਵਿਦਿਆਰਥੀਆਂ ਨੂੰ ਵਿਚਾਰ-ਵਟਾਂਦਰੇ ਲਈ ਸਾਂਝਾ ਮੰਚ ਪ੍ਰਦਾਨ ਕੀਤਾ ਗਿਆ ਤਾਂ ਜੋ ਖੇਤੀ ਕਾਰੋਬਾਰ ਖੇਤਰ ਦੀਆਂ ਚੁਣੌਤੀਆਂ ਦੇ ਨਾਲ-ਨਾਲ ਏ ਆਈ ਤੋਂ ਪੈਦਾ ਹੋਏ ਬਦਲਾਅ, ਸਾਈਬਰ ਸੁਰੱਖਿਆ ਅਤੇ ਡਿਜ਼ੀਟਲ ਦੁਨੀਆਂ ਦਾ ਇਸ ਖੇਤਰ ਉੱਪਰ ਪ੍ਰਭਾਵ ਅੰਕਿਤ ਕੀਤਾ ਜਾ ਸਕੇ|

ਇਸ ਗੋਸ਼ਟੀ ਦੇ ਮੁੱਖ ਬੁਲਾਰੇ ਯੂ ਐੱਨ ਈ ਬਿਜ਼ਨਸ ਸਕੂਲ ਦੇ ਸਹਿਯੋਗੀ ਨਿਰਦੇਸ਼ਕ ਡਾ. ਕਮਲਜੀਤ ਸਿੰਘ ਸੰਧੂ ਸਨ| ਆਰੰਭਕ ਸੈਸ਼ਨ ਦੌਰਾਨ ਉਹਨਾਂ ਨੇ ਖੇਤੀ ਕਾਰੋਬਾਰ ਦੀਆਂ ਚੁਣੌਤੀਆਂ ਬਾਰੇ ਕੁੰਜੀਵਤ ਭਾਸ਼ਣ ਦਿੰਦਿਆਂ ਇਸ ਖੇਤਰ ਦੇ ਮੌਕਿਆਂ ਅਤੇ ਸੰਭਾਵਨਾਵਾਂ ਨੂੰ ਭਾਰਤ ਦੇ ਖੇਤੀ ਪ੍ਰਸੰਗ ਅਤੇ ਕਾਰੋਬਾਰ ਮਾਹੌਲ ਵਿਚ ਪੇਸ਼ ਕੀਤਾ|

ਡਾ. ਸੰਧੂ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਸਾਈਬਰ ਖੇਤਰ ਦੇ ਖਤਰਿਆਂ ਅਤੇ ਭਾਰਤ ਵਿਚ ਡਿਜ਼ੀਟਲ ਮੂਲ ਢਾਂਚੇ ਦੇ ਪਸਾਰ ਬਾਰੇ ਧਾਰਨਾਵਾਂ ਪੇਸ਼ ਕੀਤੀਆਂ| ਉਹਨਾਂ ਕਿਹਾ ਕਿ ਭਾਰਤ ਅਤੇ ਆਸਟਰੇਲੀਆ ਦੇ ਖੋਜੀ ਇਸ ਦਿਸ਼ਾ ਵਿਚ ਸਾਂਝੇ ਰੂਪ ਵਿਚ ਕਾਰਜ ਕਰਕੇ ਇਸਨੂੰ ਭਰਪੂਰ ਅਤੇ ਸੰਪੰਨ ਬਣਾ ਸਕਣਗੇ|

ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਪੀ.ਏ.ਯੂ. ਵੱਲੋਂ ਵੱਖ-ਵੱਖ ਖੇਤੀ ਖੋਜਾਂ ਅਤੇ ਪਸਾਰ ਗਤੀਵਿਧੀਆਂ ਦੇ ਨਾਲ-ਨਾਲ ਮੌਜੂਦਾ ਸਮੇਂ ਖੇਤੀ ਕਾਰੋਬਾਰ ਖੇਤਰ ਵਿਚ ਕੀਤੇ ਜਾ ਰਹੇ ਕਾਰਜਾਂ ਨੂੰ ਉਲੀਕਿਆ| ਉਹਨਾਂ ਨੇ ਹਰੀ ਕ੍ਰਾਂਤੀ ਲਈ ਯੂਨੀਵਰਸਿਟੀ ਦੀ ਭੂਮਿਕਾ ਉੱਪਰ ਚਾਨਣਾ ਪਾਉਂਦਿਆਂ ਆਸ ਪ੍ਰਗਟਾਈ ਕਿ ਖੇਤੀ ਕਾਰੋਬਾਰ ਲਈ ਯੂਨੀਵਰਸਿਟੀ ਲਗਾਤਾਰ ਵਚਨਬੱਧ ਹੈ| ਉਹਨਾਂ ਨੇ ਮੌਜੂਦਾ ਸਮੇਂ ਵਿਚ ਮਸਨੂਈ ਬੁੱਧੀ ਦੀ ਖੇਤੀ ਖੇਤਰ ਵਿਚ ਵਧਦੀ ਭੂਮਿਕਾ ਬਾਰੇ ਗੱਲ ਕਰਦਿਆਂ ਡਰੋਨ, ਰੋਬੋਟਿਕਸ, ਓਮਿਕਸ ਵਿਗਿਆਨ, ਜੀ ਆਈ ਐੱਸ ਅਤੇ ਆਈ ਓ ਟੀ ਪ੍ਰਬੰਧਾਂ ਦਾ ਹਵਾਲਾ ਦਿੱਤਾ| ਉਹਨਾਂ ਕਿਹਾ ਕਿ ਖੇਤੀ ਖੇਤਰ ਨੂੰ ਕੌਮਾਂਤਰੀ ਪੱਧਰ ਤੇ ਲਿਜਾਣ ਅਤੇ ਇਸ ਨਾਲ ਨਵੇਂ ਵਿਗਿਆਨੀਆਂ ਨੂੰ ਜੋੜਨ ਵਾਸਤੇ ਇਹ ਸਾਰੀਆਂ ਵਿਧੀਆਂ ਜ਼ਰੂਰੀ ਹਨ| ਨਾਲ ਹੀ ਉਹਨਾਂ ਨੇ ਯੂਨੀਵਰਸਿਟੀ ਵਿਚ ਸਕੂਲ ਆਫ ਡਿਜ਼ੀਟਲ ਇਨੋਵੇਸ਼ਨਜ਼ ਫਾਰ ਸਮਾਰਟ ਐਗਰੀਕਲਚਰ ਸਥਾਪਿਤ ਕੀਤੇ ਜਾਣ ਬਾਰੇ ਗੱਲ ਕੀਤੀ| ਡਾ. ਗੋਸਲ ਨੇ ਆਸ ਪ੍ਰਗਟਾਈ ਕਿ ਆਉਂਦੇ ਸਾਲਾਂ ਵਿਚ ਪੀ.ਏ.ਯੂ. ਇਸ ਖੇਤਰ ਵਿਚ ਵੀ ਖੇਤੀ ਜਗਤ ਦੀ ਅਗਵਾਈ ਕਰਨ ਵਿਚ ਸਮਰੱਥ ਹੋਵੇਗੀ|
ਬਿਜ਼ਨਸ ਸਟੱਡੀਜ਼ ਸਕੂਲ ਦੇ ਨਿਰਦੇਸ਼ਕ ਡਾ. ਰਮਨਦੀਪ ਸਿੰਘ ਨੇ ਸਕੂਲ ਦੀਆਂ ਗਤੀਵਿਧੀਆਂ ਸਾਂਝੀਆਂ ਕਰਨ ਦੇ ਨਾਲ-ਨਾਲ ਏ ਆਈ ਅਤੇ ਖੇਤੀ ਕਾਰੋਬਾਰ ਵਿਚਕਾਰ ਤਾਲਮੇਲ ਬਿਠਾਉਣ ਲਈ ਕੀਤੇ ਜਾ ਰਹੇ ਕਾਰਜਾਂ ਉੱਪਰ ਚਾਨਣਾ ਪਾਇਆ| ਉਹਨਾਂ ਨੇ ਤਕਨਾਲੋਜੀ ਬਿਜ਼ਨਸ ਇੰਨਕੁਬੇਟਰ (ਨਿਧੀ ਟੀ ਬੀ ਆਈ) ਬਾਰੇ ਵਿਸਥਾਰ ਨਾਲ ਗੱਲ ਕੀਤੀ| ਨਵੀਆਂ ਪੀੜੀਆਂ ਨੂੰ ਇਸ ਖੇਤਰ ਨਾਲ ਜੋੜਨ ਲਈ ਡਾ. ਰਮਨਦੀਪ ਸਿੰਘ ਨੇ ਉਹਨਾਂ ਦੇ ਯੁੱਗ ਦੀਆਂ ਤਕਨੀਕਾਂ ਜੋੜਨ ਉੱਪਰ ਜ਼ੋਰ ਦਿੱਤਾ|
ਇਸ ਮੌਕੇ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਧਿਰਾਂ ਦਾ ਵਿਚਾਰ-ਵਟਾਂਦਰਾ ਸੈਸ਼ਨ ਆਯੋਜਿਤ ਕੀਤਾ ਗਿਆ ਜਿਸਦਾ ਸੰਚਾਲਨ ਡਾ. ਨਵਨੀਤ ਕੌਰ ਨੇ ਕੀਤਾ| ਭਾਗੀਦਾਰਾਂ ਨੇ ਇਸ ਵਿਚਾਰ-ਚਰਚਾ ਦੇ ਬੇਹੱਦ ਲਾਹੇਵੰਦ ਹੋਣ ਦੀ ਆਸ ਪ੍ਰਗਟਾਈ|

## ਪ੍ਰਸਿੱਧ ਲੋਕ ਕਵੀ ਬਿਸਮਿਲ ਫਰੀਦਕੋਟੀ ਦੀ ਬਰਸੀਂ ਤੇ ਵਿਸ਼ੇਸ਼







ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਸੂਫ਼ੀ ਕਾਵਿ ਦੇ ਪ੍ਰਸਿੱਧ ਸਾਹਿਤਕਾਰ ਬਾਬਾ ਸ਼ੇਖ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਵਸੇ ਪੰਜਾਬੀ ਦੇ ਪ੍ਰਸਿੱਧ ਕ੍ਰਾਂਤੀਕਾਰੀ ਕਵੀ ਬਿਸਮਿਲ ਫਰੀਦਕੋਟੀ ਜਿੰਨ੍ਹਾਂ ਦਾ ਜਨਮ 1 ਨਵੰਬਰ 1926 ਨੂੰ ਪੰਡਿਤ ਪਾਲੀ ਰਾਮ ਦੇ ਘਰ ਪਿੰਡ ਢੋਲਣ ਸਤਾਈ ਚੱਕ ਪਾਕਿਸਤਾਨ ਵਿੱਚ ਹੋਇਆ ਸੀ। ਮਾਤਾ ਪਿਤਾ ਨੇ ਉਨ੍ਹਾਂ ਦਾ ਨਾਮ ਗਿਰਧਾਰੀ ਲਾਲ ਰੱਖਿਆ ਸੀ। ਉਨ੍ਹਾਂ ਦਾ ਬਚਪਨ ਬੜੀਆਂ ਹੀ ਤੰਗੀਆਂ-ਤੁਰਸ਼ੀਆਂ 'ਚ ਗੁਜ਼ਰਿਆ ਸੀ। ਉਹ ਅਜੇ ਦਸਾਂ ਵਰ੍ਹਿਆਂ ਦੇ ਹੀ ਸਨ ਜਦੋਂ ਉਨ੍ਹਾਂ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਗਿਆ। ਦੋ ਵੱਡੇ ਭੈਣ-ਭਰਾ ਵੀ ਵਾਰੀ-ਵਾਰੀ ਤੁਰ ਗਏ। ਮਾਂ ਦੀ ਹੱਲਾਸ਼ੇਰੀ ਸਦਕਾ ਉਨ੍ਹਾਂ ਨੇ ਮਿਡਲ ਤਕ ਦੀ ਪੜ੍ਹਾਈ ਕੀਤੀ। ਛੋਟੀ ਉਮਰੇ ਹੀ ਉਨ੍ਹਾਂ ਨੂੰ ਪੈਸੇ ਕਮਾਉਣ ਲਈ ਸੰਘਰਸ਼ ਕਰਨਾ ਪਿਆ। ਉਨ੍ਹਾਂ ਨੇ ਸਵੈ-ਯਤਨਾਂ ਨਾਲ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਪੰਜਾਬ ਦੀ ਵੰਡ ਦਾ ਅਸਰ ਇਹਨਾਂ ਦੇ ਪਰਿਵਾਰ ਤੇ ਵੀ ਪਿਆ ਸੰਨ 1947 ਦੀ ਹੋਈ ਫਿਰਕੂ ਵੰਡ ਦੌਰਾਨ ਆਪ ਵੀ ਆਪਣਾ ਘਰ ਬਾਰ ਛੱਡ ਪਾਕਿਸਤਾਨ ਦੇ ਪੱਛਮੀ ਪੰਜਾਬ ਤੋਂ ਉੱਜੜ ਕੇ ਭਾਰਤੀ ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਵਿਖੇ ਆ ਕੇ ਰਹਿਣ ਲੱਗ ਪਏ।

ਗੁਜ਼ਾਰੇ ਲਈ ਉਸ ਨੇ ਫੌਜ ਵਿੱਚ ਕੁਝ ਸਮਾਂ ਨੌਕਰੀ ਕੀਤੀ ਅਤੇ ਕੁਝ ਸਮਾਂ ਨਹਿਰੀ ਪਟਵਾਰੀ ਅਤੇ ਚੂੰਗੀ ਮੁਹੱਰਰ ਵਜੋਂ ਵੀ ਸਰਵਿਸ ਕਰਦਾ ਰਿਹਾ। ਔਖੇ ਸਮੇਂ ਵਿੱਚ ਉਸਦੇ ਰਿਕਸ਼ਾ ਨੇ ਹੀ ਉਸਦਾ ਸਾਥ ਦਿੱਤਾ। ਜਵਾਨੀ ਵਿੱਚ ਪੈਰ ਧਰਦਿਆਂ ਹੀ ਉਹ ਕਮਿਊਨਿਸਟ ਲਹਿਰ ਵਿੱਚ ਸ਼ਾਮਲ ਹੋ ਗਿਆ ਅਤੇ ਜੀਵਨ ਦਾ ਦੋ ਦਹਾਕੇ ਤੋਂ ਵੱਧ ਦਾ ਸਮਾਂ ਉਸ ਨੇ ਇਸ ਲਹਿਰ ਦੇ ਲੇਖੇ ਲਾਇਆ। ਉਹ ਦਿਨ ਭਰ ਰਿਕਸ਼ਾ ਚਲਾ ਕੇ ਮਿਹਨਤ ਮਜਦੂਰੀ ਕਰਦਾ ਅਤੇ ਰਾਤ ਸਮੇਂ ਪਾਰਟੀ ਦਫ਼ਤਰ ਵਿੱਚ ਹੀ ਸੌਂ ਕੇ ਰਾਤ ਗੁਜ਼ਾਰਦਾ। ਮਜ਼ਦੂਰੀ ਕਰਨ ਦੇ ਨਾਲ-ਨਾਲ ਉਹ ਕਿਰਤੀਆਂ ਮਜ਼ਦੂਰਾਂ ਨੂੰ ਜਥੇਬੰਦ ਕਰਨ ਦਾ ਕਾਰਜ ਕਰਦਾ। 1951 ਵਿੱਚ ਬਿਸਮਿਲ ਨੇ ਫਰੀਦਕੋਟ ਵਿਖੇ ਪੰਜਾਬ ਦੀ ਪਹਿਲੀ ਮਿਉਂਸਪਲ ਮੁਲਾਜ਼ਮ ਯੂਨੀਅਨ ਕਾਇਮ ਕੀਤੀ। 1953 ਵਿੱਚ ਰਿਕਸ਼ਾ ਯੂਨੀਅਨ ਅਤੇ 1956 ਵਿੱਚ ਟਾਂਗਾ ਰਿਕਸ਼ਾ ਯੂਨੀਅਨ ਸਥਾਪਤ ਕਰ ਦਿੱਤੀ।

ਸੰਨ 1950 ਵਿੱਚ ਹੀ ਉਸ ਨੂੰ ਕਵਿਤਾ ਲਿਖਣ ਦੀ ਚੇਟਕ ਲੱਗ ਗਈ ਸੀ। ਇਸ ਸਮੇਂ ਨੰਦ ਲਾਲ ਨੂਰਪੁਰੀ, ਹਰੀ ਸਿੰਘ ਫਰੀਦਕੋਟੀ ਅਤੇ ਸੰਪੂਰਨ ਸਿੰਘ ਝੱਲਾ ਵਰਗੇ ਕਵੀਆਂ ਤੇ ਲੇਖਕਾਂ ਦੇ ਸਾਥ ਨੇ ਉੱਚਕੋਟੀ ਦਾ ਕਵੀ ਬਣਾ ਦਿੱਤਾ। ਇਹਨਾਂ ਨੇ ਹੀ ਫਰੀਦਕੋਟ ਵਿੱਚ ਪੰਜਾਬੀ ਸਾਹਿਤ ਸਭਾ ਦੀ ਨੀਹ ਰੱਖੀ ਸੀ। ਉਸ ਪ੍ਰਸਿੱਧ ਲੋਕ ਕਵੀ ਸੰਤ ਰਾਮ ਉਦਾਸੀ ਜੀ ਦੇ ਹਾਣ ਦਾ ਸਟੇਜੀ ਕਵੀ ਸੀ। ਉਹ ਮੁੱਢ ਤੋਂ ਹੀ ਸਟੇਜ 'ਤੇ ਆਉਣ ਲੱਗ ਪਏ ਸਨ। ਉਸ ਦੀ ਹੇਠ ਲਿਖੀ ਰੁਬਾਈ ਬਹੁਤ ਮਕਬੂਲ ਹੋਈ:

ਹੈ ਦੌਰ ਨਵਾਂ ਹੀਰ ਪੁਰਾਣੀ ਨਾ ਸੁਣੋ।

ਦੁੱਖ ਚਾਕ ਦਾ ਸੈਦੇ ਦੀ ਜ਼ੁਬਾਨੀ ਨਾ ਸੁਣੋ।

ਛੇੜੀ ਏ ਜ਼ਮਾਨੇ ਨੇ ਆਵਾਮਾਂ ਦੀ ਕਥਾ,

ਰਾਜੇ ਤੇ ਨਵਾਬਾਂ ਦੀ ਕਹਾਣੀ ਨਾ ਸੁਣੋ।

ਹੱਕ ਸੱਚ ਦੀ ਪਰਭਾਤ ਬਣੇ ਫਿਰਦੇ ਨੇ ।

ਪੀਰਾਂ ਦੀ ਕਰਾਮਾਤ ਬਣੇ ਫਿਰਦੇ ਨੇ ।

ਸਰਮਾਏ ਦੇ ਜਾਦੂ ਦਾ ਤਮਾਸ਼ਾ ਵੇਖੋ

ਜੱਲਾਦ ਵੀ ਸੁਕਰਾਤ ਬਣੇ ਫਿਰਦੇ ਨੇ ।

ਅੰਨ੍ਹੇ ਦਿਆਂ ਨੈਣਾਂ ਚ ਖ਼ੁਮਾਰ ਆਇਆ ਏ ।

ਗੰਜੀ ਨੂੰ ਵੀ ਕੰਘੀ ਤੇ ਪਿਆਰ ਆਇਆ ਏ ।

ਵੇਚੇ ਸੀ ਜਿਨ੍ਹਾ ਨੇ ਸ਼ਹੀਦਾਂ ਦੇ ਕਫ਼ਨ

ਉਨ੍ਹਾ ਦਾ ਵਜ਼ੀਰਾਂ ਚ ਸ਼ੁਮਾਰ ਆਇਆ ਏ ।

ਬਿਸਮਿਲ ਨੂੰ ਕਵਿਤਾ ਦੀ ਹਰ ਸਿਨਫ਼ ਕਵਿਤਾ, ਗੀਤ, ਗ਼ਜ਼ਲ ਅਤੇ ਰੁਬਾਈ ਉੱਪਰ ਅਬੂਰ ਹਾਸਲ ਸੀ। ਉਸ ਦੀ ਕਵਿਤਾ 'ਕ੍ਰਾਂਤੀਕਾਰੀ' ਦੀਆਂ ਸਤਰਾਂ ਇਸ ਤਰ੍ਹਾਂ ਹਨ:

"ਮੈਂ ਐਸਾ ਦੀਪ ਹਾਂ ਜਿਸ ਨੂੰ ਕਿ ਤੂਫ਼ਾਨਾਂ ਜਗਾਇਆ ਹੈ।

ਮੈਂ ਉਹ ਨਗ਼ਮਾ ਜੋ ਲਹਿਰਾਂ ਨੇ ਕਿਨਾਰੇ ਨੂੰ ਸੁਣਾਇਆ ਹੈ।

ਮੈਂ ਉਹ ਸ਼ੀਸ਼ਾ ਕਿ ਜਿਸ ਨੂੰ ਪੱਥਰਾਂ ਨੇ ਆਜ਼ਮਾਇਆ ਹੈ।

ਮੈਂ ਉਹ ਨਾਅਰਾ ਕਿ ਮਨਸੂਰਾਂ ਜੋ ਚੜ੍ਹ ਸੂਲੀ 'ਤੇ ਲਾਇਆ ਹੈ।"

ਇਸੇ ਤਰ੍ਹਾਂ ਮਜਬੂਰ ਅਮਨ, ਸਰਸਰੀ ਹਉਕਾ, ਊਸ਼ਾ ਦੇ ਕੁੱਛੜ, ਸਮਿਆਂ ਦਾ ਨਗਾਰਾ, ਸਰਘੀ ਦਾ ਤਾਰਾ, ਵੇਸ਼ੀਆ, ਕੂੜ ਫਿਰੇ ਪ੍ਰਧਾਨ ਵੇ ਲਾਲੋ, ਦਰਦਾਂ ਦੀ ਰਿਆਸਤ, ਅਗਲਾ ਪੜਾਅ, ਆਦਿ ਖ਼ੂਬਸੂਰਤ ਤੇ ਸ਼ਕਤੀਸ਼ਾਲੀ ਕਵਿਤਾਵਾਂ ਹਨ। ਬਿਸਮਿਲ ਦੀਆਂ ਗ਼ਜ਼ਲਾਂ ਦੇ ਕੁਝ ਚੋਣਵੇਂ ਸ਼ਿਅਰਾਂ ਵਿੱਚ ਉਸ ਦਾ ਕਹਿਣ ਦਾ ਢੰਗ, ਨਜ਼ਾਕਤ, ਖ਼ੂਬਸੂਰਤੀ, ਸ਼ਬਦਾਂ ਦੀ ਚੋਣ, ਪਿੰਗਲ ਦੀ ਉਸਤਾਦੀ, ਡੂੰਘੀ ਸੋਚ ਤੇ ਉਡਾਰੀ ਪ੍ਰਤੱਖ ਮਾਣੀ ਤੇ ਸਲਾਹੀ ਜਾ ਸਕਦੀ ਹੈ। ਬਿਸਮਿਲ ਇੱਕ ਧੜੱਲੇਦਾਰ ਸਮਾਜਿਕ ਕਾਰਕੁੰਨ ਸੀ। ਉਸ ਦੀ ਕਥਨੀ ਤੇ ਕਰਨੀ ਵਿੱਚ ਇਕਸੁਰਤਾ ਸੀ। ਪਾਖੰਡੀਆਂ ਦੀਆਂ ਕਰਤੂਤਾਂ ਉਹ ਬੜੀ ਦਲੇਰੀ ਨਾਲ ਨੰਗੀਆਂ ਕਰਦਾ ਸੀ।

ਆਪਣੇ ਆਖ਼ਰੀ ਦਿਨਾਂ ਵਿੱਚ ਬਿਸਮਿਲ ਫਰੀਦਕੋਟੀ ਇੱਥੋਂ ਥੋੜੀ ਦੂਰ ਪਿੰਡ ਕਿਲ੍ਹਾ ਨੌਂ ਦੇ ਪੰਚਾਇਤ ਘਰ ਦੀ ਇੱਕ ਕੋਠੜੀ ਵਿੱਚ ਰਹਿੰਦਾ ਸੀ। ਟੀ.ਬੀ. ਦੀ ਬਿਮਾਰੀ ਹੋਣ ਕਾਰਨ ਉਸ ਨੂੰ ਸਿਵਲ ਹਸਪਤਾਲ ਫ਼ਰੀਦਕੋਟ ਦਾਖਲ ਕਰਵਾਇਆ ਗਿਆ। ਬਿਮਾਰੀ ਵਧਣ ਕਾਰਨ ਟੀ.ਬੀ. ਸੈਨੀਟੋਰੀਅਮ, ਅੰਮ੍ਰਿਤਸਰ ਵਿਖੇ ਭਰਤੀ ਕਰਵਾਉਣਾ ਪਿਆ, ਜਿੱਥੇ ਉਹ 14 ਦਸੰਬਰ, 1974 ਵਾਲੇ ਦਿਨ ਸਿਰਫ਼ 48 ਸਾਲ ਦੀ ਉਮਰ ਵਿੱਚ ਇਸ ਦੁਨੀਆ ਨੂੰ ਅਲਵਿਦਾ ਆਖ ਗਿਆ।

ਉਸ ਦੇ ਸਾਥੀ ਸ਼ਾਇਰਾਂ ਜਿੰਨਾਂ ਚੋ ਖਾਸ ਕਰਕੇ ਨਵਰਾਹੀ ਘੁਗਿਆਣਵੀ, ਹਰਬੰਸ ਲਾਲ ਸ਼ਰਮਾ ਰੱਤੀ ਰੋੜੀ,ਹਰੀ ਸਿੰਘ ਫਰੀਦਕੋਟੀ,ਗਿਆਨੀ ਸੁਖਚੈਨ ਸਿੰਘ ਵਿਚਾਰਾ, ਡਾਕਟਰ ਲਾਲ ਸਿੰਘ ਨੇ ਉਸ ਦੀ ਯਾਦ ਵਿੱਚ ਸੰਨ 1975 ਵਿੱਚ ਬਿਸਮਿਲ ਯਾਦਗਾਰੀ ਕਮੇਟੀ ਬਣਾਈ। ਇਸ ਕਮੇਟੀ ਨੇ ਸਭ ਤੋਂ ਪਹਿਲਾਂ ਉਸ ਦੀਆਂ ਅਣਪ੍ਰਕਾਸਿਤ ਕਵਿਤਾਵਾਂ ਨੂੰ ਇੱਕਠੀਆਂ ਕਰ ਕਿਤਾਬ ਛਪਵਾਉਣ ਦਾ ਉਪਰਾਲਾ ਕੀਤਾ। ਨਵਰਾਹੀ ਘੁਗਿਆਣਵੀ , ਹਰਬੰਸ ਲਾਲ ਸ਼ਰਮਾ ਰੱਤੀ ਰੋੜੀ, ਤੇ ਕੁਝ ਹੋਰ ਲੇਖਕਾਂ ਦੇ ਯਤਨਾਂ ਸਦਕਾ ਬਿਸਮਿਲ ਫਰੀਦਕੋਟੀ ਦੀਆਂ ਰਚਨਾਵਾਂ ਨੂੰ ਇੱਕ ਕਿਤਾਬ ਦਾ ਰੂਪ 'ਖੌਲਦੇ ਸਾਗਰ' ਦੇ ਕੇ ਛਪਵਾਇਆ ਗਿਆ।

ਅਗਾਂਹਵਧੂ ਸੋਚ ਦੇ ਧਾਰਨੀ ਅਦੀਬਾਂ ਨੇ ਬਿਸਮਿਲ ਦੀ ਪੁਖਤਾ ਸ਼ਾਇਰੀ ਦਾ ਖ਼ੂਬ ਆਨੰਦ ਮਾਣਿਆ ਅਤੇ ਉਭਰਦੇ ਲੇਖਕਾਂ ਨੇ ਸੇਧ ਹਾਸਲ ਕੀਤੀ। ਫਰੀਦਕੋਟ ਵਿਖੇ ਉਸ ਨੂੰ ਪਿਆਰ ਕਰਨ ਵਾਲੇ ਸਾਹਿਤਕਾਰਾਂ ਵੱਲੋਂ ਹਰ ਸਾਲ ਪੰਜਾਬੀ ਸਾਹਿਤ ਸਭਾ ਫ਼ਰੀਦਕੋਟ ਵੱਲੋਂ ਨਵਰਾਹੀ ਘੁਗਿਆਣਵੀ ਦੀ ਸਰਪ੍ਰਸਤੀ ਹੇਠ ਬਿਸਮਿਲ ਯਾਦਗਾਰੀ ਸਲਾਨਾ ਸਾਹਿਤਕ ਸਮਾਗਮ ਕਰਵਾਇਆ ਜਾਂਦਾ ਰਿਹਾ ਹੈ। ਪਰ, ਹੁਣ ਪਿਛਲੇ ਕਈ ਸਾਲ ਤੋਂ ਪੰਜਾਬੀ ਲੇਖਕ ਮੰਚ ਫਰੀਦਕੋਟ ਰਜਿ. ਵੱਲੋਂ ਬਿਸਮਿਲ ਫਰੀਦਕੋਟੀ ਯਾਦਗਾਰ ਸਾਹਿਤਕ ਸਮਾਗਮ ਕਰਵਾਇਆ ਜਾ ਰਿਹਾ ਹੈ । ਇਸ ਸਾਲ ਵੀ 7 ਦਸੰਬਰ ਨੂੰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਰੀਦਕੋਟ ਨੇੜੇ ਬੱਸ ਸਟੈਂਡ ਫਰੀਦਕੋਟ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮੇਂ ਬਿਸਮਿਲ ਫਰੀਦਕੋਟੀ ਯਾਦਗਾਰ ਐਵਾਰਡ ਪ੍ਰਸਿੱਧ ਗ਼ਜ਼ਲਗੋ ਉਸਤਾਦ ਸੁਲੱਖਣ ਸਿੰਘ ਸਰਹੱਦੀ ਨੂੰ ਦਿੱਤਾ ਜਾ ਰਿਹਾ ਹੈ ।

## "ਭੀਮ ਤੋਂ ਮਸੀਹਾ ਤੱਕ"

ਵਰਲਡ ਪੰਜਾਬੀ ਟਾਈਮਜ਼
ਮਾਸਟਰ ਹਰਭਿੰਦਰ ਸਿੰਘ



ਦਲਿਤਾਂ,ਮਜਲੂਮਾਂ,ਨਿਆਸਰਿਆਂ ਅਤੇ ਹਰ ਪੱਖੋਂ ਲੁੱਟੇ-ਪੁੱਟੇ ਜਾਂਦੇ ਲੋਕਾਂ ਦੀ ਅਵਾਜ ਵਜੋਂ ਜਾਣੇ ਜਾਂਦੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਮਾਜਿਕ.ਆਰਥਿਕ,ਧਾਰਮਿਕ,ਰਾਜਨੀਤਿਕ ਪੱਧਰਾਂ 'ਤੇ ਅਣਮਨੁੱਖੀ ਭੇਦ ਭਾਵ ਦੇ ਵਿਰੋਧ ਵਿੱਚ ਦਲਿਤ ਪੱਖੀ ਅਵਾਜ ਉਠਾਈ ਕਿਓ ਜੋ ਭਾਰਤੀ ਸਮਾਜ ਵਿੱਚ ਮਨੂਵਾਦੀ ਸਿੱਧਾਤਾਂ ਨੂੰ ਮੰਨਣ ਵਾਲੇ ਕੱਟੜ ਲੋਕ ਹਿੰਦੂਤਵੀ ਰਹੁ ਰੀਤਾਂ ਤਹਿਤ ਨਿਮਨ ਵਰਗਾਂ ਨਾਲ ਕੀਤੇ ਜਾਂਦੇ ਹਰ ਪ੍ਰਕਾਰ ਦੇ ਸ਼ੋਸ਼ਣਾਂ ਨੂੰ ਧਾਰਮਿਕ ਗ੍ਰੰਥਾਂ ਦੀ ਆੜ ਹੇਠਾਂ ਜਾਇਜ ਸਮਝਦੇ ਸਨ।

ਬਾਬਾ ਸਾਹਿਬ ਅਨੁਸਾਰ ਭਾਰਤੀ ਸਮਾਜ ਪੂਰੀ ਤਰ੍ਹਾਂ ਗੈਰ-ਲੋਕਤੰਤਰੀ ਸੀ ਜਿਸ ਵਿੱਚ ਲੋਕਾਂ ਨੂੰ ਜਮਾਤਾਂ ਅਤੇ ਜਾਤਾਂ ਵਿੱਚ ਉਨ੍ਹਾਂ ਦੀਆਂ ਯੋਗਤਾਵਾਂ ,ਬੁੱਧੀ ਜਾਂ ਕੰਮਾਂ ਦੇ ਅਧਾਰ ਤੇ ਨਹੀਂ ਬਲਕਿ ਜਨਮ ਦੇ ਅਧਾਰ ਤੇ ਵੰਡਿਆ ਗਿਆ ।ਉਨ੍ਹਾਂ ਦਾ ਮੁਖ ਮਿਸ਼ਨ ਦੱਬੇ ਕੁਚਲੇ ਲੋਕਾਂ ਨੂੰ ਉੱਚ ਸਮਾਜਿਕ,ਰਾਜਿਨੀਤਕ ਪੱਧਰ ਤੇ ਲਿਆਉਣਾ ਸੀ ਤਾਂ ਜੋਕਿ ਉਨ੍ਹਾਂ ਦੇ ਮੱਥੇ ਤੇ ਲੱਗਿਆ ਅਛੂਤਾਂ ਵਾਲਾ ਕਲੰਕ ਧੋਇਆ ਜਾ ਸਕੇ।ਉਹ ਦਲਿਤਾਂ ਨੂੰ ਹਿੰਦੂਆਂ ਦੇ ਬਰਾਰਬਰ ਸਮਾਨਤਾ ਦਿਵਾਉਣ ਦਾ ਹਾਮੀ ਸੀ।ਭਾਵੇਂ ਕਿ ਅੰਬੇਡਕਰ ਨੂੰ ਇਹ ਅਹਿਸਾਸ ਸੀ ਕਿ ਅਜਿਹਾ ਮਿਸ਼ਨ ਪੂਰਾ ਕਰਨਾ ਅਤੀ ਕਠਿਨ ਸੀ।ਪਰ ਫਿਰ ਵੀ ਆਪ ਨੇ ਹਿੰਦੂ ਸਮਾਜ ਵਿੱਚ ਪ੍ਰਬਲ ਜਾਤੀਵਾਦ ਦੇ ਬੀਜ ਦਾ ਨਾਸ਼ ਕਰਨ ਦਾ ਤਹੱਈਆ ਕੀਤਾ।ਉਸਨੇ ਸਮਾਜ ਵਿੱਚ ਪ੍ਰਬਲ ਜਾਤੀਵਾਦ ਅਤੇ ਇਸਦੇ ਭਿਆਨਕ ਸਿੱਟਿਆ ਉੱਪਰ ਆਪਣੀਆਂ ਕਿਤਾਬਾਂ ਦੀ ਰੌਸ਼ਨੀ ਨਾਲ ਦੱਬੇ ਕੁਚਲੇ ਅਛੂਤਾਂ ਵਿੱਚ ਨਵੀਂ ਰੂਹ ਭਰੀ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਹੀ ਨਾ ਕਰਵਾਇਆ ਸਗੋਂ ਆਪਣੇ ਹੱਕਾਂ ਵਾਸਤੇ ਲਾਮਬੰਦ ਕਰਨਾ ਆਰੰਭਿਆ।ਅਛੂਤਾਂ ਵਿੱਚ ਸਵੈਮਾਣ ਦੀ ਮੂਵਮੈਂਟ ਚਲਾਈ ਤਾਂ ਉਂਨ੍ਹਾਂ ਵਿੱਚ ਏਕੇ ਦੀ ਭਾਵਨਾ ਅਤੇ ਵੋਟ ਦੀ ਸ਼ਕਤੀ ਦਾ ਅਹਿਸਾਸ ਅੰਗੜਾਈ ਭਰਨ ਲੱਗਾ।ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਆਪ ਨੇ "ਪੜ੍ਹੋ,ਜੁੜੋ.ਸ਼ੰਘਰਸ਼ ਕਰੋ"ਦੇ ਮਾਟੋ ਰਾਹੀਂ ਮਾਨਸਿਕ ਗੁਲਾਮੀ ਦੀਆਂ ਜੰਜੀਰਾਂ ਤੋੜਨ ਦਾ ਸੁਨੇਹਾ ਦਿੱਤਾ।

ਸ਼ਮਾਜ ਸੁਧਾਰ ਦੇ ਕੰਮਾਂ ਤਹਿਤ ਆਪਨੇ ਸ਼ੋਸਿਤ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਦੇ ਮਨੋਰਥ ਨਾਲ ਉਨ੍ਹਾਂ ਵਾਸਤੇ ਸਕੂਲ,ਹੋਸਟਲ,ਲਾਇਬਰ੍ਰੇਰੀਆਂ,ਸ਼ਟੇਸ਼ਨਰੀ ਦੀਆਂ ਸਹੂਲਤਾਂ ਪੈਦਾ ਕਰਨ ਤੇ ਜੋਰ ਦਿੱਤਾ।ਡਾਕਟਰ ਅੰਬੇਡਕਰ ਨੇ ਖੁਦ ਕਈ ਸਕੂਲ ਖੁਲਵਾਏ ਅਤੇ ਚੌਤਰਫਾ ਗੁਲਾਮੀ ਭੋਗ ਰਹੇ ਅਛੂਤਾਂ ਨੂੰ ਆਪਣੇ ਮਨਾਂ ਵਿੱਚੋਂ ਅਛੂਤ ਹੋਣ ਦਾ ਡਰ ਖਤਮ ਕਰਕੇ ਅੰਤਰ ਜਾਤੀ ਸਮਾਰੋਹਾਂ ਵਿੱਚ ਸ਼ਾਮਿਲ ਹੋਣ,ਅੰਤਰ ਜਾਤੀ ਵਿਆਹਾ ਦਾ ਸਮਰਥਨ ਕਰਨ ਦੀ ਗੱਲ ਆਖੀ ਕਿਓ ਜੋ ਅਜਿਹੇ ਵਰਤਾਰੇ ਨਾਲ ਹੀ ਸਮਾਜਿਕ ਵਿਵਸਥਾ ਪਰਿਵਰਤਣ ਸੰਭਵ ਹੋ ਸਕਦਾ ਹੈ।ਇਸਤੋਂ ਇਲਾਵਾ ਡਾਕਟਰ ਅੰਬਡੇਕਰ ਨੇ ਦਲਿਤ ਲੋਕਾਂ ਨੂੰ ਸੱਤਿਆਗ੍ਰਹਿ ਕਰਨ ਵਾਸਤੇ ਪ੍ਰੇਰਿਤ ਕੀਤਾ ਅਤੇ ਕਈ ਸਾਂਝੀਆਂ ਮਨਾਹੀ ਵਾਲੀਆਂ ਥਾਵਾਂ ਬਿਨ੍ਹਾਂ ਕਿਸੇ ਭੇਦ ਭਾਵ ਤੋਂ ਸਭਨਾਂ ਵਾਸਤੇ ਖੋਲਣ ਦੀ ਪੁਰਜੋਰ ਵਕਾਲਤ ਕੀਤੀ।ਦੂਜੇ ਸ਼ਬਦਾਂ ਵਿੱਚ ਡਾਕਟਰ ਅੰਬੇਡਕਰ ਨੇ ਦਲਿਤ ਲੋਕਾਂ ਦੇ ਜੀਵਨ,ਸੋਝੀ ਅਤੇ ਵਿਵਹਾਰ ਵਿੱਚ ਕਾਫੀ ਤਬਦੀਲੀ ਲਿਆਂਦੀਆਪ ਨੇ ਆਪਣੇ ਸਮਾਜ ਸੁਧਾਰਕ ਯਤਨਾਂ ਰਾਹੀਂ ਹਿੰਦੂ ਸਮਾਜ ਦੀ ਅੰਤਰ ਆਤਮਾ ਨੂ ਝੰਜੋੜਨ ਦਾ ਕੰਮ ਕਰਦਿਆ ਨਿਮਨ ਵਰਗਾਂ ਉੱਪਰ ਹੁੰਦੇ ਅਜਿਹੇ ਅੱਤਿਆਚਾਰਾਂ ਨੂੰ ਭਾਰਤੀ ਸਮਾਜ ਦੇ ਮੱਥੇ ;ਤੇ ਇੱਕ ਕਲੰਕ ਗਰਦਾਨਿਆ।

ਅੰਬੇਡਕਰ ਇਸ ਗੱਲ ਤੋਂ ਭਲੀ ਭਾਂਤ ਵਾਕਿਫ ਸੀ ਕਿ ਦਲਿਤ ਸਮਾਜ ਦੇ ਲੋਕਾਂ ਵਿੱਚ ਚੇਤਨਾ ਪੈਦਾ ਕਰਨਾ ਇੱਕ ਲੰਬੇ ਸਮੇਂ ਦਾ ਕਾਰਜ ਹੈ । ਜਦੋਂ ਤੱਕ ਭਾਤਤੀ ਹਿੰਦੂਤਵੀ ਸਮਾਜ ਵਿੱਚ ਪ੍ਰਚੱਲਿਤ ਮਨੂਵਾਦੀ ਰਹੁ ਰੀਤਾਂ ਖਤਮ ਨਹੀਂ ਹੋ ਜਾਂਦੀਆਂ ਤਦ ਤੱਕ ਹਜੂਮ ਦੀ ਮਾਨਸਿਕਤਾ ਵਿੱਚ ਬਦਲਾਅ ਲਿਆਉਣਾ ਅਸੰਭਵ ਹੈ।ਇੰਨ੍ਹਾਂ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਦੇ ਵਿਰੋਧ ਅਤੇ ਰੋਸ ਵਜੋਂ ਭੀਮ ਰਾਓ ਅੰਬੇਡਕਰ ਨੇ ਬੁੱਧ ਧਰਮ ਦੀ ਸ਼ਰਨ ਲਈ ਅਤੇ ਆਪਣੇ ਸਮਾਜ ਨੂੰ ਸਦੀਆਂ ਤੋਂ ਹੋ ਰਹੀ ਚੌਰਤਰਫਾ ਗੈਰ ਬਰਾਬਰੀ ਖਿਲਾਫ ਪ੍ਰਚਮ ਲਹਿਰਾਉਣ ਦੇ ਅਹਿਦ ਕਰਨ ਦਾ ਸੰਕਲਪ ਦਿੱਤਾ।

ਨਿਰਸੰਦੇਹ ਡਾਕਟਰ ਭੀਮ ਰਾਓ ਅੰਬੇਡਕਰ ਇੱਕ ਉੱਘੇ ਸਮਾਜ ਸੁਧਾਰਕ ਸਨ ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਦਲਿਤ ਚੇਤਨਾ ਲਹਿਰ ਉਸਾਰਨ ਉੱਪਰ ਲਗਾਇਆ ਇਸੇ ਲਈ ਧਰਤ ਲੋਕ ਤੇ ਜਨਮਿਆ ਡਾ.ਭੀਮ ਰਾਓ ਅੰਬੇਡਕਰ ਨੂੰ ਸੰਸਾਰ ਭਰ ਵਿੱਚ "ਮਸੀਹਾ"ਦੇ ਨਾਮ ਨਾਲ ਜਾਣਿਆ ਜਾਂਦਾ ਹੈ।

## ਮਾਂ... ਇੱਕ ਅਹਿਸਾਸ

ਮਾਂ ਸ਼ਬਦ ਹੈ ਭਾਵੇਂ

ਸਭ ਰਿਸ਼ਤਿਆਂ ਤੋਂ ਨਿੱਕਾ,

ਪਰ ਦੁਨੀਆਂ ਦਾ ਹਰ ਰਿਸ਼ਤਾ

ਇਸ ਰਿਸ਼ਤੇ ਦੇ ਅੱਗੇ

ਪੈ ਜਾਂਦਾ ਹੈ ਫਿੱਕਾ।

ਮਾਂ ਦੀ ਸੂਰਤ,ਮਾਂ ਦੀ ਮੂਰਤ

ਵਸੀ ਰਹੇ ਮਨ ਦੇ ਵਿਹੜੇ,

ਰੱਬ ਦੀ ਪੂਜਾ ਸਫ਼ਲ ਹੋ ਜਾਂਦੀ

ਮਾਂ ਦੀ ਪੂਜਾ ਕਰ ਲੈਂਦੇ ਜਿਹੜੇ।

ਮਾਂ ਇੱਕ ਅਹਿਸਾਸ ਹੈ

ਜੋ ਸਦਾ ਰਹੇ ਜਿਉਂਦਾ,

ਭਾਵੇਂ ਦੇਸ਼ ਹੋਵੇ ਭਾਵੇਂ ਪ੍ਰਦੇਸ਼

ਹਰ ਥਾਂ ਧਰਮਿੰਦਰਾ

ਮਾਂ ਦਾ ਚੇਤਾ ਆਉਂਦਾ।




ਵਰਲਡ ਪੰਜਾਬੀ ਟਾਈਮਜ਼
ਸ.ਧਰਮਿੰਦਰ ਸਿੰਘ

## ਗੀਤ ਨਵੇਂ ਸਾਲ ਤੇ

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ
ਸੰਤੁਸ਼ਟੀ ਦੀ ਅੰਜਲੀ ਦੇ ਵਿਚ ਚਾਅ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਡਰ ਤੋਂ ਨਿਝੱਕ ਹੋ ਕੇ ਬੈਠੇ ਫੁੱਲਾਂ ਉਤੇ ਤਿਤਲੀ|

ਸੱਥਾਂ ਦੇ ਵਿਚ ਭੰਗੜੇ ਤੇ ਗਿੱਧਿਆਂ ਦੇ ਵਿਚ ਕਿਕਲੀ|
ਸੰਗੀਤਕ ਲੋਰੀ ਦਾ ਗੀਤ ਸੁਣਾ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਸ਼ੁਧਤਾ, ਬੁਧਤਾ, ਸਮਤਾ, ਭੌਤਿਕ, ਦੈਹਿਕ ਸੁੱਖਾਂ ਵਿਚੱ।

ਹੋਵੇ ਮਾਨਵਤਾ ਦੇ ਵਿਚ ਤਿਲਿਸਮ ਚੁੰਬਕੀਏ ਖਿੱਚ|
ਕਰਮਨ, ਧਰਮਨ, ਅਰਪਨ ਨਾਲ ਦੁਆ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਗੰਨੇ ਵਾਲੇ ਖੇਤਾਂ 'ਚੋਂ ਉਡਦੀ ਹੈ ਜਿਉਂ ਮੁਰਗਾਬੀ|

ਏਦਾਂ ਸਾਰੇ ਹਾਸੇ ਹੋਵਣ, ਜਿੱਦਾਂ ਫੁੱਲ ਗੁਲਾਬੀ|
ਰੁੱਤਾਂ ਵਿਚ ਖ਼ੁਸ਼ਬੂ ਦੇ ਭਾਗ ਜਗਾ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਸੁੱਤੀਆਂ ਜਾਗੀਰਾਂ ਨੂੰ ਤੇ ਸੁੱਤੀਆਂ ਜਾਮੀਰਾਂ ਨੂੰ

ਪੈਰਾਂ ਵਿਚ ਪਈਆਂ ਹੋਈਆਂ ਖੂਨੀ ਜ਼ੰਜੀਰਾਂ ਨੂੰ|
ਤਦਬੀਰਾਂ, ਤਕਰੀਰਾਂ ਨਾਲ ਮੁਕਾ ਨਵੇਂ ਸਾਲ 'ਤੇ

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਦ੍ਰਿਸ਼-ਆਦ੍ਰਿਸ਼ ਤਨਾਅ ਦਿਲਾਂ ਵਿਚੋਂ ਸਾਰੇ ਮੁਕ ਜਾਣ|

ਆਤੰਕ, ਪੁਚੰਡ, ਪਤਿਤਪੁਣੇ ਤੇ ਪਾਖੰਡ ਸਭ ਰੁਕ ਜਾਣ|
ਆਤਮ ਤੁਸ਼ਟੀ ਦੇ ਸੰਵਾਦ ਰਚਾ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|

ਇਕ ਚੀਜ਼ ਵਹੁਟੀ ਵਾਲੇ ਸੂਈ ਮੂਈ ਪੱਤ ਵਾਲੇ|

ਕਿਰਮਚੀ, ਨਾਰੰਗੀ, ਸੂਹੇ, ਲਾਲ, ਗੁਲਾਬੀ ਕਾਲੇ|
ਹਰ ਚੌਖਟ 'ਤੇ ਬੰਦਨਵਾਰ ਸਜਾ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਨਵਯੁਵਕਾਂ ਦੇ ਵਿਚ ਭਰੀ ਜਾਵੇ ਰਚਨਾਤਮਿਕ ਸ਼ਕਤੀ|

ਮੰਗਲਕਾਰੀ ਹੋਵੇ ਘਰ-ਘਰ ਕਰਮਠਤਾ ਦੀ ਭਗਤੀ|
ਛੈਲ-ਛਬੀਲੇ ਗੁਲਜ਼ਾਰ ਖਿੜ੍ਹਾ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|
ਹੱਕਾਂ ਨੂੰ ਲੈਣ ਲਈ ਜ਼ੁਰਰਤ ਤੇ ਸੱਚ ਵਾਲਾ ਨਾਮ ਦੇ|

ਛੇੜੇ ਹੋਵੇ ਆਗਾਜ਼ ਨੂੰ ਮੰਜ਼ਿਲ ਦਾ ਅੰਜ਼ਾਮ ਦੇ|
'ਬਾਲਮ' ਦੇ ਗੀਤਾਂ ਦੀ ਆਵਾਜ਼ ਉਠਾ ਨਵੇਂ ਸਾਲ 'ਤੇ|

ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ|

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ